ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਪੰਜਾਬ
ਦਫ਼: ਪ੍ਰਧਾਨ ਮੁੱਖ ਵਣ ਪਾਲ ਪੰਜਾਬ
ਵਣ ਭਵਨ ਸੈਕਟਰ-68
ਐਸ.ਏ.ਐਸ.ਨਗਰ, ਪੰਜਾਬ।

Most Urgent through email

ਸੇਵਾ ਵਿਖੇ

ਸਮੂਹ ਵਣ ਮੰਡਲ ਅਫ਼ਸਰ (ਇਲਾਕਾਈ)।

ਨੰ: FCA/1980/ ਜਰਨਲ ਪਾਰਟ-III 3251-57 ਮਿਤੀ: 22-7-15

ਵਿਸ਼ਾ:- ਐਫ.ਸੀ.ਏ, 1980 ਐਕਟ ਤਹਿਤ ਪ੍ਰਾਪਤ ਹੋਈਆਂ ਪ੍ਰਪੋਜ਼ਲਾਂ ਮੁਕੰਮਲ ਕਰਨ ਸਬੰਧੀ।

*****

ਉਪਰੋਕਤ ਵਿਸ਼ੇ ਸਬੰਧੀ ਐਫ.ਸੀ.ਏ, 1980 ਐਕਟ ਤਹਿਤ ਪ੍ਰਾਪਤ ਹੋਣ ਵਾਲੀਆਂ ਪ੍ਰਪੋਜ਼ਲਾਂ ਵਿੱਚ ਭਾਰਤ ਸਰਕਾਰ/ਪੰਜਾਬ ਸਰਕਾਰ/ਨੋਡਲ ਅਫ਼ਸਰ ਵੱਲੋਂ ਆਮ ਤੌਰ ਤੇ ਕਈ ਪ੍ਰਕਾਰ ਦੀਆਂ ਤਰੁਟੀਆਂ ਪਾਈਆਂ ਜਾਂਦੀਆਂ ਹਨ, ਜਿਸ ਕਾਰਨ ਕੇਸਾਂ ਦੀ ਪ੍ਰੋਸੈਸਿੰਗ ਵਿੱਚ ਬਹੁਤ ਸਮਾਂ ਲੱਗ ਜਾਂਦਾ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਾਰਤ ਸਰਕਾਰ/ਇਸ ਦਫ਼ਤਰ ਵੱਲੋਂ ਸਮੇਂ-ਸਮੇਂ ਤੇ ਜਾਰੀ ਕੀਤੀ ਚੈਕ ਲਿਸਟ/ਹਦਾਇਤਾਂ ਤੋਂ ਇਲਾਵਾ ਹੇਠ ਲਿਖੇ ਤੱਥਾਂ ਨੂੰ ਵੀ ਪ੍ਰਾਪਤ ਹੋਣ ਵਾਲੀ ਤਜਵੀਜ਼ ਵਿੱਚ ਸ਼ਾਮਿਲ ਕਰ ਲਿਆ ਜਾਵੇ ਅਤੇ ਆਪਣੇ ਪੱਧਰ ਤੇ ਹੀ ਤਜਵੀਜ਼ ਮੁਕੰਮਲ ਕਰਕੇ ਨੋਡਲ ਅਫ਼ਸਰ ਨੂੰ ਭੇਜੀ ਜਾਵੇ:-

1. ਜਿੱਥੇ ਵੀ ਅਪਰੋਚ ਰੋਡ/ਪੈਸੇਜ, ਨੈਸ਼ਨਲ ਹਾਈਵੇ ਵਿੱਚ ਖੁੱਲ ਰਿਹਾ ਹੋਵੇ, ਉੱਥੇ ਲੇ-ਆਊਟ ਪਲੈਨ ਆਈ.ਆਰ.ਸੀ. ਗਾਇਡਲਾਇਨਜ਼ ਅਨੁਸਾਰ ਹੀ ਤਿਆਰ ਕੀਤਾ ਜਾਵੇ ਅਤੇ ਲੇ-ਆਊਟ ਪਲੈਨ ਨੂੰ ਐਨ.ਐਚ.ਏ.ਆਈ ਜਾਂ CPWD ਦੇ designated ਅਧਿਕਾਰੀਆਂ ਤੋਂ ਅਪਰੂਵ ਕਰਵਾਉਣਾ ਯਕੀਨੀ ਬਣਾਇਆ ਜਾਵੇ। ਲੇ-ਆਊਟ ਪਲੈਨ ਵਿੱਚ ਐਨ.ਐਚ.ਏ.ਆਈ ਦੀ ਪ੍ਰਵਾਨਗੀ ਦੀ ਮੋਹਰ ਤੋਂ ਬਿਨਾਂ ਪ੍ਰਪੋਜ਼ਲ accept ਨਹੀਂ ਕੀਤਾ ਜਾਵੇਗਾ।

2. ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜੇਕਰ ਕਿਸੇ ਕੇਸ ਵਿੱਚ ਪੌਦੇ ਪ੍ਰਭਾਵਿਤ ਹੁੰਦੇ ਹਨ ਤਾਂ ਉਨ੍ਹਾਂ ਨੂੰ ਟਰਾਂਸਪਲਾਂਟ ਕਰਵਾਉਣ ਲਈ ਸਬੰਧਤ ਯੂਜ਼ਰ ਏਜੰਸੀ ਪਾਸੋਂ ਸਾਰਾ ਖਰਚਾ ਦੇਣ ਸਬੰਧੀ ਅੰਡਰਟੇਕਿੰਗ ਲੈ ਕੇ ਤਜਵੀਜ਼ ਵਿੱਚ ਲਗਾਈ ਜਾਵੇ। ਜੇਕਰ ਪੌਦੇ ਟਰਾਂਸਪਲਾਂਟ ਨਹੀਂ ਕੀਤੇ ਜਾ ਸਕਦੇ ਤਾਂ ਪ੍ਰਭਾਵਿਤ ਪੌਦਿਆਂ ਦੇ 10 ਗੁਣਾਂ ਦੇ ਹਿਸਾਬ ਨਾਲ ਪੌਦੇ ਲਗਾਉਣ ਲਈ ਸੀ.ਏ. ਸਕੀਮ ਤਿਆਰ ਕਰਕੇ ਭੇਜੀ ਜਾਵੇ।

3. ਸੀ.ਏ. ਦਾ ਰਕਬਾ ਕਦੇ ਵੀ ਸੜਕਾਂ ਦੇ ਕਿਨਾਰੇ ਨਾ ਚੁਣਿਆ ਜਾਵੇ। ਰਕਬਾ preferably ਦਰਿਆਵਾਂ ਦੇ ਕਿਨਾਰੇ/ਰਿਸਰਵ ਫਾਰੈਸਟ/ਬਲਾਕ ਫਾਰੈਸਟ, canals, distributories and minors ਦੇ ਕਿਨਾਰੇ ਜਾਂ ਅਜਿਹੀ ਥਾਂ ਤੇ ਹੋਵੇ ਜਿੱਥੇ ਭਵਿੱਖ ਵਿੱਚ ਡਾਇਵਰਜ਼ਨ ਦੀ ਸੰਭਾਵਨਾ ਬਹੁਤ ਘੱਟ ਹੋਵੇ।

4. ਤਜਵੀਜ਼ ਵਿੱਚ ਪ੍ਰਭਾਵਿਤ ਹੋਣ ਵਾਲੇ ਵਣ ਰਕਬੇ ਦੇ ਅਤੇ ਸੀ.ਏ ਲਈ ਸ਼ਨਾਖਤ ਕੀਤੀ ਥਾਂ/ਰਕਬੇ ਦੇ ਜੀ.ਪੀ.ਐਸ. ਕੁਆਰਡੀਨੇਟਸ ਅਤੇ ਜੀ.ਪੀ.ਐਸ. ਮੈਪ ਤਿਆਰ ਕਰਕੇ ਤਜਵੀਜ਼ ਵਿੱਚ ਲਗਾਏ ਜਾਣ।

5. ਤਜਵੀਜ਼ ਦੇ ਸਾਰੇ ਪੰਨਿਆ ਤੇ ਮਿਤੀ ਅਤੇ ਦਸਤਖਤ ਕਰਨੇ ਯਕੀਨੀ ਬਣਾਏ ਜਾਣ।

6. ਐਫ.ਆਰ..ਏ., 2006 ਸਬੰਧੀ ਸਬੰਧਤ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਸਰਟੀਫਿਕੇਟ ਢੁਕਵੇਂ ਪ੍ਰੋਫਾਰਮੇ ਵਿੱਚ ਤਿਆਰ ਕਰਵਾ ਕੇ ਤਜਵੀਜ ਵਿੱਚ ਲਗਾਇਆ ਜਾਣਾ ਯਕੀਨੀ ਬਣਾਇਆ ਜਾਵੇ।

7. ਪ੍ਰਪੋਜਲ ਵਿੱਚ ਪ੍ਰੋਜੈਕਟ ਡੀਟੇਲ ਨੋਟ ਨਾਲ ਲਗਾਉਣਾ ਯਕੀਨੀ ਬਣਾਇਆ ਜਾਵੇ।

8. ਵਾਉਲੇਸ਼ਨ ਦੇ ਕੇਸ ਜਿੱਥੇ ਵਣ ਰਕਬੇ ਨੂੰ ਰਸਤੇ ਦੀ ਤਰ੍ਹਾਂ ਇਸਤੇਮਾਲ ਕਰਕੇ structures ਦੀ ਉਸਾਰੀ ਕੀਤੀ ਗਈ ਹੈ। ਉੱਥੇ ਜਿਆਦਾਤਰ ਜੁਰਮਾਨਾ ਅਤੇ ਪੀਨਲ ਸੀ.ਏ. ਚਾਰਜ ਕਰਨ ਦੀ ਰਿਪੋਟ ਕੀਤੀ ਜਾਂਦੀ ਹੈ ਪ੍ਰੰਤੂ ਸਰਕਾਰ ਵੱਲੋਂ ਇਨ੍ਹਾਂ ਵਾਉਲੇਸ਼ਨਜ਼ ਦਾ ਬਹੁਤ ਗੰਭੀਰ ਨੋਟਿਸ ਲਿਆ ਜਾ ਰਿਹਾ ਹੈ ਅਤੇ ਪੁੱਛਿਆ ਜਾ ਰਿਹਾ ਹੈ ਕਿ ਉਸਾਰੀ ਦੌਰਾਨ ਵਣ ਰਕਬੇ ਦੀ ਵਰਤੋਂ ਕਿਵੇਂ allow ਕੀਤੀ ਗਈ ਅਤੇ ਸਬੰਧਤ ਵਣ ਮੰਡਲ ਅਫ਼ਸਰ ਅਤੇ ਸਟਾਫ ਵੱਲੋਂ ਵਾਉਲੇਸ਼ਨ ਨੂੰ ਸਮੇਂ ਸਿਰ ਕਿਉਂ ਨਹੀਂ ਰੋਕਿਆ ਗਿਆ। ਵਣ ਰਕਬੇ ਦੀ ਵਰਤੋਂ ਨੂੰ ਨਾ ਰੋਕਣ ਬਾਰੇ ਜਿੰਮੇਵਾਰੀ ਫਿਕਸ ਕਰਕੇ ਸਬੰਧਤ ਸਟਾਫ ਵਿਰੁੱਧ ਕੀਤੀ ਕਾਰਵਾਈ ਬਾਰੇ ਸਰਕਾਰ ਵੱਲੋਂ ਪੁੱਛਿਆ ਜਾ ਰਿਹਾ ਹੈ। ਇਸ ਲਈ ਜੇਕਰ ਕਿਸੇ ਕੇਸ ਵਿੱਚ ਯੂਜਰ ਏਜੰਸੀ ਵੱਲੋਂ ਵਾਇਓਲੇਸ਼ਨ ਕੀਤੀ ਗਈ ਹੈ ਤਾਂ ਵਾਇਓਲੇਸ਼ਨ ਰਿਪੋਟ ਅਤੇ ਸਬੰਧਤ ਕਰਮਚਾਰੀਆਂ/ ਅਧਿਕਾਰੀਆਂ ਦੀ ਜਿੰਮੇਵਾਰੀ ਫਿਕਸ ਕਰਕੇ ਅਤੇ ਉਨ੍ਹਾਂ ਵਿਰੁੱਧ ਕੀਤੀ ਗਈ ਕਾਰਵਾਈ ਬਾਰੇ ਰਿਪੋਟ ਵੀ ਨਾਲ ਹੀ ਭੇਜਣਾ ਜਰੂਰੀ ਹੈ।

ਉਪਰੋਕਤ ਅਨੁਸਾਰ ਪ੍ਰਪੋਜ਼ਲ ਨੂੰ ਮੁਕੰਮਲ ਕਰਨ ਉਪਰੰਤ ਹੀ ਇਸ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਇਆ ਕਰੇ, ਤਾਂ ਜੋ ਕੇਸ ਦੀ ਪ੍ਰਵਾਨਗੀ ਮਿੱਥੇ ਸਮੇਂ ਦੇ ਅੰਦਰ ਦਿੱਤੀ ਜਾ ਸਕੇ।

ਮੁੱਖ ਵਣ ਪਾਲ (FC) ਅਤੇ
ਨੋਡਲ ਅਫਸਰ, (FCA),
ਪੰਜਾਬ, ਐਸ.ਏ.ਐਸ. ਨਗਰ।

ਪਿੱਠ ਅੰਕਣ ਨੰ: ਐਫ.ਸੀ.ਏ -1980/ਜਰਨਲ ਪਾਰਟ-III/ 3248-51 ਮਿਤੀ: 22-7-15

ਇਸ ਦੀ ਇੱਕ ਨਕਲ ਸਮੂਹ ਵਣ ਪਾਲ (ਇਲਾਕਾਈ) ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਮੁੱਖ ਵਣ ਪਾਲ, (FC) ਅਤੇ
ਨੋਡਲ ਅਫਸਰ, (FCA),
ਪੰਜਾਬ, ਐਸ.ਏ.ਐਸ.ਨਗਰ।